# ਨਸਲੀ ਬਰਾਬਰੀ ਨੂੰ ਉਤਸ਼ਾਹਤ ਕਰਨ ਲਈ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਇੰਪਲਾਈਜ਼ ਰੀਟਰੇਨਿੰਗ ਬੋਰਡ

ਸੰਬੰਧਿਤ ਸੇਵਾਵਾਂ

- ਕਰਮਚਾਰੀ ਮੁੜ ਸਿਖਲਾਈ ਬੋਰਡ (ERB) ਸਥਾਨਕ ਕਰਮਚਾਰੀਆਂ ਦੇ ਹੁਨਰ, ਰੁਜ਼ਗਾਰਯੋਗਤਾ ਅਤੇ ਮੁਕਾਬਲੇਬਾਜ਼ੀ ਨੂੰ ਵਧਾਉਣ ਲਈ ਸਿਖਲਾਈ ਕੋਰਸਾਂ ਅਤੇ ਸੇਵਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਪ੍ਰਦਾਨ ਕਰਦਾ ਹੈ। ਇਹ ਬੇਰੁਜ਼ਗਾਰ ਲੋਕਾਂ ਨੂੰ ਨੌਕਰੀਆਂ ਲੱਭਣ ਵਿੱਚ ਮਦਦ ਕਰਨ ਅਤੇ ਕਰਮਚਾਰੀਆਂ ਨੂੰ ਨਵੇਂ ਹੁਨਰ ਸਿੱਖਣ ਅਤੇ ਉਨ੍ਹਾਂ ਦੇ ਹੁਨਰਾਂ ਨੂੰ ਵਧਾਉਣ ਵਿੱਚ ਸਹਾਇਤਾ ਕਰਨ ਦੇ ਉਦੇਸ਼ ਨਾਲ, ਪੂਰੇ ਸਮੇਂ ਦੇ ਰੁਜ਼ਗਾਰ ਨਾਲ ਜੁੜੇ ਕੋਰਸ, ਪਾਰਟ-ਟਾਈਮ ਹੁਨਰ ਅੱਪਗ੍ਰੇਡਿੰਗ ਕੋਰਸ ਅਤੇ ਆਮ ਹੁਨਰ ਕੋਰਸ ਪ੍ਰਦਾਨ ਕਰਦਾ ਹੈ।

ਮੌਜੂਦਾ ਉਪਾਅ

<u>ਵੱਖ ਵੱਖ ਨਸਲਾਂ ਦੇ ਲੋਕਾਂ ਲਈ ਢੁਕਵੇਂ ਕੋਰਸ ਪ੍ਰਦਾਨ ਕਰਨਾ</u>

- ਵੱਖ-ਵੱਖ ਨਸਲਾਂ ਦੇ ਲੋਕਾਂ ਦੀ ਸਿਖਲਾਈ ਦੀ ਲੋੜ ਨੂੰ ਪੂਰਾ ਕਰਨ ਲਈ, ਕੁਝ ਕੋਰਸ ਅੰਗਰੇਜ਼ੀ ਵਿੱਚ ਪੇਸ਼ ਕੀਤੇ ਜਾਂਦੇ ਹਨ। ਕਲਾਸ ਸ਼ੁਰੂ ਕਰਨ ਵਿੱਚ ਵਧੇਰੇ ਲਚਕਤਾ ਪ੍ਰਦਾਨ ਕਰਨ ਲਈ, ਕਲਾਸਾਂ ਆਮ ਤੌਰ 'ਤੇ ਛੋਟੇ ਕਲਾਸ ਆਕਾਰ ਵਿੱਚ ਪੇਸ਼ ਕੀਤੀਆਂ ਜਾਂਦੀਆਂ ਹਨ।

- ERB ਨੇ ਆਪਣੇ ਭਾਸ਼ਾ ਸਿਖਲਾਈ ਕੋਰਸਾਂ ਦੀ ਵਿਆਪਕ ਤੌਰ 'ਤੇ ਜਾਂਚ ਕਰਨ ਲਈ "ਭਾਸ਼ਾ ਕੋਰਸਾਂ ਦੀ ਸਮੀਖਿਆ ਕਰਨ ਲਈ ਟਾਸਕ ਫੋਰਸ" ਦੀ ਸਥਾਪਨਾ ਕੀਤੀ, ਜਿਸ ਦਾ ਉਦੇਸ਼ ਵੱਖ-ਵੱਖ ਨਸਲਾਂ ਦੇ ਲੋਕਾਂ ਨੂੰ ਸੰਚਾਰ ਦੀਆਂ ਰੁਕਾਵਟਾਂ ਨੂੰ ਦੂਰ ਕਰਨ ਅਤੇ ਭਾਸ਼ਾ ਕੋਰਸਾਂ ਦੀ ਵਿਹਾਰਕਤਾ ਅਤੇ ਉਚਾਰਨ ਨੂੰ ਅਮੀਰ ਬਣਾਉਣ ਅਤੇ ਉਨ੍ਹਾਂ ਲਈ ਪ੍ਰਗਤੀ ਮਾਰਗ ਦੇ ਨਿਰਮਾਣ ਰਾਹੀਂ ਉਨ੍ਹਾਂ ਦੀ ਰੁਜ਼ਗਾਰ ਯੋਗਤਾ ਨੂੰ ਉੱਚਾ ਚੁੱਕਣ ਲਈ ਸਹਾਇਤਾ ਕਰਨਾ ਸੀ। ERB ਵੱਖ-ਵੱਖ ਨਸਲਾਂ ਦੇ ਲੋਕਾਂ ਪ੍ਰਤੀ ਚੀਨੀ ਭਾਸ਼ਾ ਸਿਖਲਾਈ ਵਿੱਚ ਆਪਣੀ ਸਹਾਇਤਾ ਨੂੰ ਮਜ਼ਬੂਤ ਕਰਨਾ ਜਾਰੀ ਰੱਖੇਗਾ ਅਤੇ ਸਮਾਜਿਕ ਏਕੀਕਰਨ ਅਤੇ ਰੁਜ਼ਗਾਰ ਦੇ ਉਦੇਸ਼ਾਂ ਲਈ ਆਪਣੀ ਚੀਨੀ ਮੁਹਾਰਤ ਨੂੰ ਵਧਾਉਣ ਲਈ ਇੱਕ ਢਾਂਚਾਗਤ ਚੀਨੀ ਭਾਸ਼ਾ ਸਿਖਲਾਈ ਯੋਜਨਾ ਸਥਾਪਤ ਕਰੇਗਾ।

- ERB ਯੂਥ ਸਿਖਲਾਈ ਪ੍ਰੋਗਰਾਮ ਅਧੀਨ 15 ਤੋਂ 29 ਸਾਲ ਦੀ ਉਮਰ ਦੇ ਨਸਲੀ ਘੱਟਗਿਣਤੀ ਲੋਕਾਂ ਦੇ ਪੜ੍ਹਾਈ ਜਾਂ ਰੁਜ਼ਗਾਰ ਵਿੱਚ ਨਾ ਰੁੱਝੇ ਨੌਜਵਾਨਾਂ ਲਈ ਸਮਰਪਿਤ ਸਿਖਲਾਈ ਕੋਰਸਾਂ ਦੀ ਪੇਸ਼ਕਸ਼ ਕਰਦਾ ਹੈ।

- ERB ਨੇ ਵੱਖ-ਵੱਖ ਨਸਲਾਂ ਦੇ ਲੋਕਾਂ ਦੀ ਸਿਖਲਾਈ ਅਤੇ ਰੁਜ਼ਗਾਰ ਦੀਆਂ ਜ਼ਰੂਰਤਾਂ ਦੀ ਪਛਾਣ ਕਰਨ ਅਤੇ ਵੱਖ-ਵੱਖ ਨਸਲਾਂ ਦੇ ਲੋਕਾਂ ਲਈ ERB ਕੋਰਸਾਂ ਅਤੇ ਸੇਵਾਵਾਂ ਨੂੰ ਉਤਸ਼ਾਹਿਤ ਕਰਨ ਦੀਆਂ ਰਣਨੀਤੀਆਂ 'ਤੇ ਸਲਾਹ ਦੇਣ ਲਈ "ਨਸਲੀ ਘੱਟਗਿਣਤੀ ਲੋਕਾਂ ਦੀਆਂ ਸਿਖਲਾਈ ਲੋੜਾਂ 'ਤੇ ਫੋਕਸ ਸਮੂਹ" ਬਣਾਇਆ ਹੈ। ਫੋਕਸ ਸਮੂਹ ਵਿਚ ਨਸਲੀ ਘੱਟਗਿਣਤੀ ਸਮੂਹ, ਸਮਾਜ ਸੇਵੀ ਸੰਸਥਾਵਾਂ, ਸਿਖਲਾਈ ਸੰਸਥਾਵਾਂ (TBs), ਰੁਜ਼ਗਾਰਦਾਤਾ ਅਤੇ ਸੰਬੰਧਿਤ ਸਰਕਾਰੀ ਸੰਸਥਾਵਾਂ ਸ਼ਾਮਲ ਹਨ। ERB ਫੋਕਸ ਸਮੂਹ ਦੀ ਸਲਾਹ ਦੇ ਹਵਾਲੇ ਨਾਲ ਵੱਖ-ਵੱਖ ਨਸਲਾਂ ਦੇ ਲੋਕਾਂ ਲਈ ਨਵੇਂ ਕੋਰਸ ਤਿਆਰ ਕਰਨਾ ਜਾਰੀ ਰੱਖੇਗਾ।

<u>ਵਿਸ਼ੇਸ਼ ਉਪਾਅ ਅਤੇ ਸਹਾਇਤਾ ਸੇਵਾਵਾਂ</u>

- ERB ਸਿਖਲਾਈ ਸੰਸਥਾਵਾਂ (TBs) ਨੂੰ ਬੇਨਤੀ ਕਰਦਾ ਹੈ ਕਿ ਉਹ ਵੱਖ-ਵੱਖ ਨਸਲਾਂ ਦੇ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਲਈ ਅੰਗਰੇਜ਼ੀ ਬੋਲਣ ਵਾਲੇ ਸਟਾਫ ਦਾ ਪ੍ਰਬੰਧ ਕਰਨ ਅਤੇ ਸਿਖਲਾਈ ਸੰਸਥਾਵਾਂ ਨੂੰ ERB ਸੇਵਾਵਾਂ ਪ੍ਰਦਾਨ ਕਰਦੇ ਸਮੇਂ ਗੈਰ-ਸਰਕਾਰੀ ਸੰਸਥਾਵਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਅਨੁਵਾਦ ਅਤੇ ਵਿਆਖਿਆ ਸੇਵਾਵਾਂ ਦੀ ਵਰਤੋਂ ਕਰਨ ਲਈ ਉਤਸ਼ਾਹਤ ਕਰਨ। ਅਧਿਆਪਨ ਸਹਾਇਕ ਜੋ ਅੰਗਰੇਜ਼ੀ ਅਤੇ ਘੱਟ ਗਿਣਤੀ ਮੂਲ ਦੀਆਂ ਭਾਸ਼ਾਵਾਂ ਦੋਵੇਂ ਬੋਲ ਸਕਦੇ ਹਨ, ਉਨ੍ਹਾਂ ਦੁਆਰਾ ਜਿੱਥੇ ਲੋੜ ਹੋਵੇ, ਉੱਥੇ ਕਲਾਸ ਵਿੱਚ ਵਿਆਖਿਆ ਸੇਵਾਵਾਂ ਪ੍ਰਦਾਨ ਕਰਨ ਦਾ ਪ੍ਰਬੰਧ ਕੀਤਾ ਜਾਂਦਾ ਹੈ

- ਨਸਿਖਿਆਰਥੀਆਂ ਜਿਨ੍ਹਾਂ ਨੇ ਨਸਲੀ ਘੱਟ-ਗਿਣਤੀਆਂ ਲਈ ਸਮਰਪਿਤ ਪਲੇਸਮੈਂਟ-ਟਾਈਡ ਕੋਰਸ ਪੂਰੇ ਕਰ ਲਏ ਹਨ, ਨੂੰ ਛੇ ਮਹੀਨਿਆਂ ਦੀ ਪਲੇਸਮੈਂਟ ਫਾਲੋ-ਅੱਪ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ।

- ERB ਅੰਗਰੇਜ਼ੀ ਅਤੇ ਵੱਖ-ਵੱਖ ਨਸਲੀ ਭਾਸ਼ਾਵਾਂ ਵਿੱਚ ਸਿਖਲਾਈ ਕੋਰਸਾਂ ਦੇ ਪ੍ਰਚਾਰ ਲਈ ਪਰਚੇ ਪ੍ਰਕਾਸ਼ਤ ਕਰਦਾ ਹੈ, ਅਤੇ ਵੱਖ-ਵੱਖ ਚੈਨਲਾਂ ਰਾਹੀਂ (ਗ੍ਰਹਿ ਮਾਮਲਿਆਂ ਦੇ ਵਿਭਾਗ (HAD) ਦੀ "ਅੰਬੈਸਡਰ ਸਕੀਮ" ਅਧੀਨ ਸਮਾਜ ਸੇਵਾ ਏਜੰਸੀਆਂ ਸਮੇਤ) ਵੱਖ-ਵੱਖ ਨਸਲਾਂ ਦੇ ਲੋਕਾਂ ਨੂੰ ਵੰਡਣ ਲਈ ਅੰਗਰੇਜ਼ੀ ਵਿੱਚ ਇੱਕ ਸਮਰਪਿਤ ਪ੍ਰਚਾਰ ਕਿਤਾਬਚਾ ਪ੍ਰਕਾਸ਼ਤ ਕਰਦਾ ਹੈ। ਇਸ ਤੋਂ ਇਲਾਵਾ,

ਕੋਰਸ ਪ੍ਰਾਸਪੈਕਟਸ ਅੰਗਰੇਜ਼ੀ ਵਿੱਚ ਛਾਪਿਆ ਜਾਂਦਾ ਹੈ, ਅਤੇ ਇਸ਼ਤਿਹਾਰ ਅਖਬਾਰਾਂ, ਸੋਸ਼ਲ ਮੀਡੀਆ, ਵੈੱਬਸਾਈਟ ‘ਤੇ ਅੰਗਰੇਜ਼ੀ ਵਿੱਚ, ਔਨਲਾਈਨ ਪ੍ਰਕਾਸ਼ਨ ਉਰਦੂ, ਆਦਿ ਵਿੱਚ ਦਿੱਤੇ ਜਾਂਦੇ ਹਨ।

- ਆਪਣੇ ਪ੍ਰਚਾਰ ਦੇ ਯਤਨਾਂ ਨੂੰ ਹੋਰ ਵਧਾਉਣ ਲਈ, ERB ਗੈਰ-ਸਰਕਾਰੀ ਸੰਸਥਾਵਾਂ ਦੁਆਰਾ ਸੰਚਾਲਿਤ ਨਸਲੀ ਘੱਟ ਗਿਣਤੀਆਂ ਲਈ ਸਹਾਇਤਾ ਸੇਵਾ ਕੇਂਦਰਾਂ ਦੇ ਨਾਲ ਨਜ਼ਦੀਕੀ ਸੰਪਰਕ ਵਿੱਚ ਹੈ ਅਤੇ ਵੱਖ-ਵੱਖ ਨਸਲਾਂ ਦੇ ਲੋਕਾਂ ਨੂੰ ERB ਦੀ ਸੇਵਾ ਜਾਣਕਾਰੀ ਦੇ ਪ੍ਰਸਾਰ ਲਈ HAD ਦੁਆਰਾ ਫੰਡ ਦਿੱਤਾ ਗਿਆ ਹੈ। ERB ਨਸਲੀ ਘੱਟ-ਗਿਣਤੀਆਂ ਲਈ HAD ਦੁਆਰਾ ਪ੍ਰਕਾਸ਼ਿਤ "ਹਾਂਗਕਾਂਗ ਵਿੱਚ ਸੇਵਾਵਾਂ ਲਈ ਤੁਹਾਡੀ ਗਾਈਡ" ਵਿੱਚ ਦਰਸਾਏ ਗਏ ERB ਕੋਰਸਾਂ ਅਤੇ ਸੇਵਾਵਾਂ ਦੀ ਜਾਣਕਾਰੀ ਨੂੰ ਨਿਯਮਿਤ ਤੌਰ 'ਤੇ ਅੱਪਡੇਟ ਕਰਦਾ ਹੈ।

- Tin Shui Waiਦੇ ERB ਸਰਵਿਸ ਸੈਂਟਰ ਵਿਖੇਵੱਖ-ਵੱਖ ਨਸਲਾਂ ਦੇ ਲੋਕਾਂ ਲਈ ਟੀਚੇ ਵਾਲੀਆਂ ਸਹਾਇਤਾ ਸੇਵਾਵਾਂ ਦੀ ਪ੍ਰਦਾਨ ਕੀਤੀਆਂ ਜਾਂਦੀਆਂ ਹਨ , ਜਿਸ ਵਿੱਚ ਨੌਕਰੀ ਖੋਜ ਹੁਨਰਾਂ ਬਾਰੇ ਸਮਰਪਿਤ ਵਰਕਸ਼ਾਪਾਂ ਅਤੇ ਸਮੂਹ ਗਤੀਵਿਧੀਆਂ, ਇੰਟਰਵਿਊ ਕਰਨ ਦੀਆਂ ਕੁਸ਼ਲਤਾਵਾਂ, ਕਿੱਤਾ ਮੁਖੀ ਅੰਗਰੇਜ਼ੀ ਅਤੇ ਕੈਂਟੋਨੀਜ਼ ਆਦਿ ਸ਼ਾਮਲ ਹਨ। ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ERB ਨੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ERB ਕੋਰਸਾਂ ਲਈ ਪੜਤਾਲ ਅਤੇ ਨਾਮਾਂਕਨ ਸੇਵਾਵਾਂ ਪ੍ਰਦਾਨ ਕਰਨ, ਉਦਯੋਗ ਸੈਮੀਨਾਰਾਂ ਅਤੇ ਟੈਸਟਰ ਕੋਰਸਾਂ ਦਾ ਆਯੋਜਨ, ਅਤੇ ਸਿਖਲਾਈ ਸਲਾਹਕਾਰ ਸੇਵਾ ਲਈ ਰਜਿਸਟਰ ਕਰਨ ਲਈ ਵੱਖ - ਵੱਖ ਨਸਲਾਂ ਦੇ ਲੋਕਾਂ ਸਮੇਤ ਜਨਤਾ ਦੇ ਮੈਂਬਰਾਂ ਦੀ ਸਹਾਇਤਾ ਲਈ “ERB ਸਰਵਿਸ ਸਪਾਟਸ” ਸਥਾਪਤ ਕੀਤੇ ਹਨ।

- ERB ਦੀ ਸਿਖਲਾਈ ਸਲਾਹਕਾਰ ਸੇਵਾ ਵੱਖ-ਵੱਖ ਨਸਲਾਂ ਦੇ ਲੋਕਾਂ ਨੂੰ ਆਹਮੋ-ਸਾਹਮਣੇ (ਫੇਸ-ਟੂ-ਫੇਸ) ਇੰਟਰਵਿਊ ਜਾਂ ਵੀਡੀਓ ਕਾਨਫਰੰਸਿੰਗ ਰਾਹੀਂ ਉਨ੍ਹਾਂ ਦੀਆਂ ਸਿਖਲਾਈ ਲੋੜਾਂ ਅਤੇ ਨੌਕਰੀ ਦੀਆਂ ਇੱਛਾਵਾਂ ਦਾ ਮੁਲਾਂਕਣ ਕਰਕੇ ERB ਕੋਰਸਾਂ ਵਿੱਚ ਦਾਖਲਾ ਲੈਣ ਲਈ ਢੁਕਵੀਂ ਸਿਖਲਾਈ ਅਤੇ ਸਹਾਇਤਾ ਬਾਰੇ ਸਿਫਾਰਸ਼ਾਂ ਪ੍ਰਦਾਨ ਕਰਨ ਲਈ ਉਪਲਬਧ ਹਨ। ਸਿਖਲਾਈ ਸਲਾਹਕਾਰ ERB ਦੇ ਕੋਰਸਾਂ ਅਤੇ ਸੇਵਾਵਾਂ ਨੂੰ ਉਤਸ਼ਾਹਤ ਕਰਨ ਲਈ ਸੈਮੀਨਾਰਾਂ ਅਤੇ ਵਰਕਸ਼ਾਪਾਂ ਦਾ ਆਯੋਜਨ ਕਰਨ ਲਈ ਜ਼ਿਲ੍ਹਾ ਐਸੋਸੀਏਸ਼ਨਾਂ, ਧਾਰਮਿਕ ਇਕੱਠ ਸਥਾਨਾਂ, ਸਕੂਲਾਂ ਅਤੇ ਵੱਖ-ਵੱਖ ਨਸਲਾਂ ਦੇ ਲੋਕਾਂ ਦੀਆਂ ਸਮਾਜ ਸੇਵਾ ਸੰਸਥਾਵਾਂ

ਨਾਲ ਸਰਗਰਮੀ ਨਾਲ ਸੰਪਰਕ ਕਰਦੇ ਹਨ।

- ERB ਸਿਖਲਾਈ ਸੰਸਥਾਵਾਂ ਨੂੰ ERB ਕੋਰਸਾਂ ਅਤੇ ਵੱਖ-ਵੱਖ ਉਦਯੋਗਾਂ ਦੇ ਵਿਕਾਸ ਦੇ ਮੌਕਿਆਂ ਨੂੰ ਉਤਸ਼ਾਹਤ ਕਰਨ ਲਈ ਜ਼ਿਲ੍ਹਾ-ਅਧਾਰਤ ਪ੍ਰਚਾਰ ਗਤੀਵਿਧੀਆਂ ਦੀ ਇੱਕ ਵਿਭਿੰਨ ਲੜੀ ਦਾ ਆਯੋਜਨ ਕਰਨ ਲਈ ਫੰਡ ਦਿੰਦਾ ਹੈ, ਜਿਸ ਵਿੱਚ ਵੱਖ-ਵੱਖ ਨਸਲਾਂ ਦੇ ਲੋਕਾਂ ਦੀਆਂ ਸਿਖਲਾਈ ਲੋੜਾਂ ਨੂੰ ਪੂਰਾ ਕਰਨ ਵਾਲੀਆਂ ਸਮਰਪਿਤ ਗਤੀਵਿਧੀਆਂ ਸ਼ਾਮਲ ਹਨ। ਇਸ ਤੋਂ ਇਲਾਵਾ, "ਸਿਖਲਾਈ ਸਹਾਇਤਾ ਸੇਵਾ ਸਬਸਿਡੀ" ਸਿਖਲਾਈ ਸੰਸਥਾਵਾਂ ਨੂੰ ਪੂਰਕ ਸਿਖਲਾਈ ਸਮੱਗਰੀ ਵਿਕਸਤ ਕਰਨ ਅਤੇ ਵੱਖ-ਵੱਖ ਨਸਲਾਂ ਦੇ ਲੋਕਾਂ ਨੂੰ ਸਿਖਲਾਈ ਸਹਾਇਤਾ ਸੇਵਾਵਾਂ ਪ੍ਰਦਾਨ ਕਰਨ ਲਈ ਉਤਸ਼ਾਹਤ ਕਰਦੀ ਹੈ।

- ਵੱਖ-ਵੱਖ ਨਸਲਾਂ ਦੇ ਸਕੂਲ ਨਾ ਜਾਣ ਵਾਲੇ ਲੋਕ HAD ਦੁਆਰਾ ਨਿਰਧਾਰਤ ERB ਭਾਸ਼ਾ ਕੋਰਸਾਂ ਵਿਚ ਪੜ੍ਹਾਈ ਲਈ ਸਬਸਿਡੀ ਪ੍ਰਾਪਤ ਕਰ ਸਕਦੇ ਸਨ, ਜਿਸ ਦਾ ਉਦੇਸ਼ ਉਨ੍ਹਾਂ ਨੂੰ ਉਮਰ ਭਰ ਦੀ ਸਿਖਲਾਈ ਵਿਚ ਸ਼ਾਮਿਲ ਹੋਣ ਲਈ ਅਤੇ ਤਬਦੀਲੀ ਯੋਗ ਨੌਕਰੀ ਦੇ ਹੁਨਰਾਂ ਨੂੰ ਵਧਾਉਣ ਲਈ ਉਤਸ਼ਾਹਿਤ ਕਰਨਾ ਹੈ।

- ERB ਜ਼ਿਲ੍ਹਾ ਪੱਧਰ 'ਤੇ "ERB ਟ੍ਰੇਨਿੰਗ ਨੈੱਟ" ਕੋਰਸ ਦੇ ਖੋਜ ਲਈ ਟਰਮੀਨਲ ਸਥਾਪਤ ਕਰਦਾ ਹੈ, ਜਿਸ ਵਿੱਚ ERB ਸੇਵਾ ਕੇਂਦਰ, ERB ਸੇਵਾ ਸਥਾਨ, ERB ਸਿਉ ਸਾਈ ਵਾਨ ਹੈੱਡਕੁਆਰਟਰ, ਕਿਰਤ ਵਿਭਾਗ ਦੇ ਨੌਕਰੀ ਕੇਂਦਰ ਆਦਿ ਸ਼ਾਮਲ ਹਨ। ਵੱਖ-ਵੱਖ ਨਸਲਾਂ ਦੇ ਲੋਕ ERB ਕੋਰਸਾਂ, ਸਿਖਲਾਈ ਕੇਂਦਰਾਂ, ਸੇਵਾਵਾਂ ਅਤੇ ਗਤੀਵਿਧੀਆਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ਅਤੇ ਨਾਲ ਹੀ ਟਰਮੀਨਲਾਂ ਰਾਹੀਂ ਸਿਖਲਾਈ ਸਲਾਹਕਾਰ ਸੇਵਾ ਲਈ ਰਜਿਸਟਰ ਵੀ ਕਰ ਸਕਦੇ ਹਨ।

- ਵੱਖ-ਵੱਖ ਨਸਲਾਂ ਦੇ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੀ ਪੜ੍ਹਾਈ ਅਤੇ ਕਰੀਅਰ ਵਿਕਾਸ ਦੀ ਯੋਜਨਾ ਬਣਾਉਣ ਵਿੱਚ ਮਦਦ ਕਰਨ ਲਈ, ERB "ਸਕੂਲ ਕਰੀਅਰ ਗੱਲਬਾਤ", "ਅਨੁਭਵ ਵਰਕਸ਼ਾਪਾਂ" ਅਤੇ "ਕੰਪਨੀ ਦੌਰੇ" ਵਰਗੀਆਂ ਗਤੀਵਿਧੀਆਂ ਦਾ ਆਯੋਜਨ ਕਰਦਾ ਹੈ। ਵੱਖ-ਵੱਖ ਖੇਤਰਾਂ ਦੇ ਮਾਲਕ ਪ੍ਰਤੀਨਿਧੀਆਂ ਅਤੇ ERB ਟ੍ਰੇਨਰਾਂ ਨੂੰ ਵੱਖ-ਵੱਖ ਨਸਲਾਂ ਦੇ ਵਿਦਿਆਰਥੀਆਂ ਨਾਲ ਰੁਜ਼ਗਾਰ ਦੀਆਂ ਸੰਭਾਵਨਾਵਾਂ, ਕੰਮ ਕਰਨ ਵਾਲਾ

ਵਾਤਾਵਰਣ, ਲੋੜੀਂਦੇ ਹੁਨਰ ਅਤੇ ਦਾਖਲੇ ਦੀਆਂ ਜ਼ਰੂਰਤਾਂ ਆਦਿ ਸਾਂਝੇ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ। ERB ਦੇ ਨੁਮਾਇੰਦੇ ERB ਕੋਰਸ ਅਤੇ ਸੇਵਾਵਾਂ ਦੀ ਪੇਸ਼ਕਸ਼ ਕਰਦੇ ਹਨ ਜੋ ਵੱਖ-ਵੱਖ ਨਸਲਾਂ ਦੇ ਵਿਦਿਆਰਥੀਆਂ ਲਈ ਢੁਕਵੇਂ ਹਨ।

ਸਟਾਫ ਦੀ ਸਿਖਲਾਈ

- ERB, ਰੁਜ਼ਗਾਰਦਾਤਾਵਾਂ ਅਤੇ ਸਿਖਲਾਈ ਸੰਸਥਾਵਾਂ ਦੇ ਸਟਾਫ ਲਈ ਸੱਭਿਆਚਾਰਕ ਵਿਭਿੰਨਤਾ 'ਤੇ, ਵੱਖ-ਵੱਖ ਨਸਲਾਂ ਦੇ ਲੋਕਾਂ ਦੇ ਸੱਭਿਆਚਾਰ ਦੀ ਸਮਝ ਨੂੰ ਉਤਸ਼ਾਹਿਤ ਕਰਨ ਅਤੇ ਉਹਨਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਿੱਚ ਸਟਾਫ ਦੀ ਸੰਵੇਦਨਸ਼ੀਲਤਾ ਨੂੰ ਵਧਾਉਣ ਲਈ, ERB ਵੱਖ-ਵੱਖ ਸੰਸਥਾਵਾਂ ਦੇ ਸਹਿਯੋਗ ਨਾਲ ਵਰਕਸ਼ਾਪਾਂ ਦਾ ਆਯੋਜਨ ਕਰਦਾ ਹੈ, ਜਿਵੇਂ ਕਿ "ਬਰਾਬਰ ਅਵਸਰ ਕਮਿਸ਼ਨ" ।

ਭਵਿੱਖ ਦੇ ਕੰਮ ਦਾ ਮੁਲਾਂਕਣ

- ERB ਸਮੇਂ-ਸਮੇਂ 'ਤੇ ਵੱਖ-ਵੱਖ ਨਸਲਾਂ ਦੇ ਲੋਕਾਂ ਨੂੰ ਪ੍ਰਦਾਨ ਕੀਤੇ ਜਾਣ ਵਾਲੇ ਸਿਖਲਾਈ ਕੋਰਸਾਂ ਅਤੇ ਸੇਵਾਵਾਂ ਦੀ ਸਮੀਖਿਆ ਕਰਦਾ ਹੈ ਅਤੇ ਉਨ੍ਹਾਂ ਦੀਆਂ ਸਿਖਲਾਈ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵਿਸ਼ੇਸ਼ ਕੋਰਸਾਂ ਅਤੇ ਸੇਵਾਵਾਂ ਵਿਕਸਤ ਕਰਨ ਲਈ ਵਚਨਬੱਧ ਹੈ। ਇਸ ਪ੍ਰਕਿਰਿਆ ਵਿੱਚ ERB ਵੱਖ-ਵੱਖ ਹਿੱਸੇਦਾਰਾਂ ਤੋਂ ਵਿਚਾਰ ਮੰਗੇਗਾ, ਜਿਸ ਵਿੱਚ ਨਸਲੀ ਘੱਟ ਗਿਣਤੀਆਂ ਲਈ ਸਿਖਲਾਈ ਦੀਆਂ ਜ਼ਰੂਰਤਾਂ 'ਤੇ ਫੋਕਸ ਗਰੁੱਪ, ਸਿਖਿਆਰਥੀ, ਸਿਖਲਾਈ ਸੰਸਥਾਵਾਂ ਅਤੇ ਤਕਨੀਕੀ ਸਲਾਹਕਾਰ ਸ਼ਾਮਲ ਹਨ। ਵੱਖ-ਵੱਖ ਨਸਲਾਂ ਦੇ ਲੋਕਾਂ ਦੁਆਰਾ ਅਨੁਵਾਦ ਅਤੇ ਵਿਆਖਿਆ ਸੇਵਾਵਾਂ ਦੀ ਵਰਤੋਂ ਦੇ ਅੰਕੜੇ ਵੀ ਇਕੱਠੇ ਕੀਤੇ ਜਾਂਦੇ ਹਨ ਤਾਂ ਜੋ ਭਾਸ਼ਾ ਸੇਵਾਵਾਂ ਲਈ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਬਿਹਤਰ ਢੰਗ ਨਾਲ ਸਮਝਿਆ ਜਾ ਸਕੇ।

ਲਏ ਗਏ / ਲਏ ਜਾਣ ਵਾਲੇ ਹੋਰ ਉਪਾਅ

- ਆਮ ਜਨਤਾ ਲਈ ਹੋਰ ਸਿਖਲਾਈ ਕੋਰਸਾਂ ਵਿੱਚ ਭਾਗ ਲੈਣ ਲਈ ਵੱਖ-ਵੱਖ ਨਸਲਾਂ ਦੇ ਲੋਕਾਂ ਦੁਆਰਾ ਕੈਂਟੋਨੀਜ਼ ਬੋਲਣ ਅਤੇ ਸਮਝਣ ਨੂੰ ਸੁਵਿਧਾਜਨਕ ਬਣਾਉਣ ਲਈ, ERB ਹੋਰ ਚੁਣੇ ਹੋਏ ਕੋਰਸਾਂ ਲਈ ਅੰਗਰੇਜ਼ੀ ਸਿਖਲਾਈ ਸਮੱਗਰੀ ਤਿਆਰ ਕਰਨਾ ਜਾਰੀ ਰੱਖੇਗਾ। ਇਹ ਵੱਖ-ਵੱਖ ਨਸਲਾਂ ਦੇ ਲੋਕਾਂ ਲਈ ਹੋਰ ਉਦਯੋਗ-ਵਿਸ਼ੇਸ਼ ਸਿਖਲਾਈ ਕੋਰਸ ਵਿਕਸਤ ਕਰਨ ਦੀ ਵੀ ਪੜਚੋਲ ਕਰ ਰਿਹਾ ਹੈ।

| | | |
|---|---|---|
| ਪੁੱਛਗਿੱਛ | • | ਪੁੱਛ-ਗਿਛ ਲਈ, ਕਿਰਪਾ ਕਰਕੇ ERB ਦੇ ਟ੍ਰੇਨਿੰਗ ਸਲਾਹਕਾਰ ਨਾਲ ਸੰਪਰਕ ਕਰੋ (ਫੋਨ: 6760 3801 / 6760 3608, ਈਮੇਲ: erbhk@erb.org, ਫੈਕਸ: 2369 8322). |

**ਇੰਪਲਾਈਜ਼ ਰੀਟਰੇਨਿੰਗ ਬੋਰਡ**
**ਮਈ 2025**